# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ

ਈਮੇਲ: directorscert@punjabeducation.gov.in ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ),
ਪੰਜਾਬ।

ਮੀਮੋ ਨੰਬਰ: SCERT/SCIENCE/e-598347/2025360761 ਮਿਤੀ:ਐਸ.ਏ.ਐਸ.ਨਗਰ: 11.12.2025

**ਵਿਸ਼ਾ: ਰਾਸ਼ਟਰੀ ਅਵਿਸ਼ਕਾਰ ਅਭਿਆਨ (RAA) ਐਲੀਮੈਂਟਰੀ ਅਤੇ ਸੈਕੰਡਰੀ 2025-26 ਅਧੀਨ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਕਰਵਾਉਣ ਸੰਬੰਧੀ**

1.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਸੈਸ਼ਨ 2025-26 ਲਈ ਰਾਸ਼ਟਰੀ ਅਵਿਸ਼ਕਾਰ ਅਭਿਆਨ (ਐਲੀਮੈਂਟਰੀ ਅਤੇ ਸੈਕੰਡਰੀ ਪੱਧਰ) ਅਧੀਨ ਰਾਜ ਪੱਧਰ ਤੇ ਵਿਗਿਆਨ ਪ੍ਰਦਰਸ਼ਨੀ ਮੁਕਾਬਲਾ ਕਰਵਾਇਆ ਜਾ ਰਿਹਾ ਹੈ।

2.0 ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ-2025 ਲਈ ਨਿਰਧਾਰਿਤ ਥੀਮ ਅਤੇ ਸਬ-ਥੀਮ ਲਈ ਨਿਰਦੇਸ਼ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਅਨੁਸਾਰ ਹੀ ਜਾਰੀ ਰਹਿਣਗੇ।

3.0 ਐਲੀਮੈਂਟਰੀ ਅਤੇ ਸੈਕੰਡਰੀ ਵਰਗ ਦੇ ਵਿਦਿਆਰਥੀਆਂ ਲਈ ਰਾਜ ਵਿਗਿਆਨ ਪ੍ਰਦਰਸ਼ਨੀ ਦੀਆਂ ਮਿਤੀਆਂ ਅਤੇ ਸਥਾਨ ਹੇਠ ਅਨੁਸਾਰ ਹਨ:

| ਲੜੀ ਨੰ. | ਪੱਧਰ | ਜਮਾਤ | ਮਿਤੀ | ਸਥਾਨ | ਸਮਾਂ |
|---|---|---|---|---|---|
| 1 | ਐਲੀਮੈਂਟਰੀ | 6-8ਵੀਂ | 23.12.2025 | CT Group of Institutes, ਸਾਹਪੁਰ ਕੈਂਪਸ, ਜਲੰਧਰ | 9.30 AM |
| 2 | ਸੈਕੰਡਰੀ | 9-10ਵੀਂ | 22.12.2025 | GNA ਯੂਨੀਵਰਸਿਟੀ,ਫਗਵਾੜਾ, ਕਪੂਰਥਲਾ | |

4.0 ਉਕਤ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਅੰਦਰ ਹਰੇਕ ਸਬ-ਥੀਮ ਵਿੱਚੋਂ ਜ਼ਿਲ੍ਹਾ ਪੱਧਰ ਤੇ ਐਲੀਮੈਂਟਰੀ ਅਤੇ ਸੈਕੰਡਰੀ ਵਰਗ ਅੰਦਰ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਹੇਠ ਅਨੁਸਾਰ ਭਾਗ ਲੈਣਗੇ:

| ਲੜੀ ਨੰ. | ਪੱਧਰ | ਜਮਾਤ | ਭਾਗੀਦਾਰਾਂ ਦੇ ਵੇਰਵੇ |
|---|---|---|---|
| 1 | ਐਲੀਮੈਂਟਰੀ | 6-8 ਵੀਂ | ਇੱਕ ਵਿਦਿਆਰਥੀ/ਪ੍ਰਤੀ ਜ਼ਿਲ੍ਹਾ/ਪ੍ਰਤੀ ਥੀਮ (ਕੁੱਲ 07 ਵਿਦਿਆਰਥੀ/ਪ੍ਰਤੀ ਜ਼ਿਲ੍ਹਾ) |
| 2 | ਸੈਕੰਡਰੀ | 9-10 ਵੀਂ | ਇੱਕ ਵਿਦਿਆਰਥੀ/ਪ੍ਰਤੀ ਜ਼ਿਲ੍ਹਾ/ਪ੍ਰਤੀ ਥੀਮ (ਕੁੱਲ 07 ਵਿਦਿਆਰਥੀ/ਪ੍ਰਤੀ ਜ਼ਿਲ੍ਹਾ) |

5.0 ਹਰੇਕ ਜੇਤੂ ਟੀਮ ਦਾ ਕੇਵਲ ਇੱਕ ਹੀ ਵਿਦਿਆਰਥੀ ਅਤੇ ਇੱਕ ਹੀ ਗਾਈਡ ਅਧਿਆਪਕ ਪ੍ਰਦਰਸ਼ਨੀ ਵਿੱਚ ਭਾਗ ਲੈਣਗੇ। ਜ਼ਿਲ੍ਹੇ ਦੇ Rashtriya Aavishkar Abhiyan ਕੋਆਰਡੀਨੇਟਰ ਟੀਮ ਨਾਲ ਭਾਗ ਲੈ ਸਕਦੇ ਹਨ।

6.0 ਵਿਦਿਆਰਥੀ ਆਪਣਾ ਸਕੂਲ ਆਈ.ਡੀ. ਕਾਰਡ ਨਾਲ ਲੈ ਕੇ ਆਉਣਾ ਯਕੀਨੀ ਬਣਾਉਣਗੇ।

7.0 ਵਿਦਿਆਰਥਣਾਂ ਨਾਲ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣੀ ਯਕੀਨੀ ਬਣਾਈ ਜਾਵੇ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ ਬ-6/2025/5000 ਮਿਤੀ 18/12/2025

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿਚ ਸਬੰਧਿਤ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ RAA ਅਧੀਨ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿਚ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪੱਤਰ ਵਿਚ ਦਿੱਤੀ ਮਿਤੀ ਸਮੇਂ ਅਤੇ ਸਥਾਨ ਤੇ ਭਾਗ ਲੈਣ ਲਈ ਭੇਜਣਾ ਯਕੀਨੀ ਬਣਾਇਆ ਜਾਵੇ।

ਨਾਲ ਨੱਥੀ ਵਿਦਿਆਰਥੀਆਂ ਦੀ ਲਿਸਟ -

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ

18/12/25

8.0 ਉਕਤ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਰਾਸ਼ਟਰ ਪੱਧਰੀ ਵਿਗਿਆਨ ਪ੍ਰਦਰਸ਼ਨੀ-2025 ਵਿੱਚ ਭਾਗ ਲੈਣ ਵਾਲੇ 12 ਗਾਇਡ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

9.0 ਰਾਜ ਪੱਧਰ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਗਾਈਡ ਅਧਿਆਪਕ ਮਾਡਲ ਦੀ ਪੇਸ਼ਕਾਰੀ ਸੰਬੰਧੀ ਵੀਡਿਉ ਦੀ CD ਅਤੇ ਲਿਖਤ (write up) ਪ੍ਰਦਰਸ਼ਨੀ ਦੇ ਸਥਾਨ ਤੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਉਣਗੇ।

10.0 ਐਲੀਮੈਂਟਰੀ ਪੱਧਰ ਤੇ 7 ਸਬ-ਥੀਮਾਂ ਵਿੱਚੋਂ ਹਰੇਕ ਸਬ-ਥੀਮ ਅੰਦਰ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਉੱਤਸਾਹਿਤ ਕਰਨ ਲਈ ਹੇਠ ਦਿੱਤੀ ਰਾਸ਼ੀ ਅਨੁਸਾਰ ਵਿਦਿਅਕ ਸਮੱਗਰੀ ਦਿੱਤੀ ਜਾਵੇਗੀ ਅਤੇ ਸੈਕੰਡਰੀ ਪੱਧਰ ਤੇ 7 ਸਬ-ਥੀਮਾਂ ਵਿੱਚੋਂ ਹਰੇਕ ਸਬ-ਥੀਮ ਅੰਦਰ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਉੱਤਸਾਹਿਤ ਕਰਨ ਲਈ ਉਹਨਾਂ ਦੇ ਅਕਾਊਂਟ ਵਿੱਚ ਹੇਠ ਦਿੱਤੇ ਅਨੁਸਾਰ ਇਨਾਮੀ ਰਾਸ਼ੀ ਸਿੱਧੇ ਤੌਰ ਤੇ ਟਰਾਂਸਫ਼ਰ ਕੀਤੀ ਜਾਵੇਗੀ:

| ਸਥਾਨ | ਐਲੀਮੈਂਟਰੀ ਪੱਧਰ (ਰੁ.) | ਸੈਕੰਡਰੀ ਪੱਧਰ (ਰੁ) |
|---|---|---|
| ਪਹਿਲਾ ਸਥਾਨ | 5100 x 7 = 35700 | 5100 x 7 = 35700 |
| ਦੂਜਾ ਸਥਾਨ | 4100 x 7 = 28700 | 4100 x 7 = 28700 |
| ਤੀਜਾ ਸਥਾਨ | 3100 x 7 = 21700 | 3100 x 7 = 21700 |
| **ਜੋੜ** | **86100** | **86100** |

11.0 ਉਕਤ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਭਾਗੀਦਾਰ ਆਪਣੇ ਆਉਣ-ਜਾਣ ਦਾ ਖਰਚਾ ਬਣਦੇ ਨਿਯਮਾਂ ਅਨੁਸਾਰ ਰਜਿਸਟ੍ਰੇਸ਼ਨ ਸਮੇਂ ਕਲੇਮ ਕਰ ਸਕਦੇ ਹਨ।

12.0 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਜਲੰਧਰ ਅਤੇ ਕਪੂਰਥਲਾ ਵੱਲੋਂ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀਆਂ ਦੇ ਮੁਕਾਬਲੇ ਕਰਵਾਉਣ ਉਪਰੰਤ ਹਫ਼ਤੇ ਦੇ ਅੰਦਰ-ਅੰਦਰ ਜੇਤੂ ਵਿਦਿਆਰਥੀਆਂ ਦੇ ਮਾਡਲ ਦੀ ਪੇਸ਼ਕਾਰੀ ਸੰਬੰਧੀ ਵੀਡਿਉ, Write up ਅਤੇ ਹੋਰ ਲੋੜੀਂਦੀ ਜਾਣਕਾਰੀ ਮੁੱਖ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਈ ਜਾਵੇ ਤਾਂ ਜੋ ਕਿ ਇਹਨਾਂ ਨੂੰ ਰਾਸ਼ਟਰ ਪੱਧਰੀ ਵਿਗਿਆਨ ਪ੍ਰਦਰਸ਼ਨੀ ਮੁਕਾਬਲੇ ਲਈ NCERT, ਨਵੀਂ ਦਿੱਲੀ ਨੂੰ ਮੁਹੱਈਆਂ ਕਰਵਾਇਆ ਜਾ ਸਕੇ।

13.0 ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ), ਜਲੰਧਰ ਅਤੇ ਕਪੂਰਥਲਾ ਦੁਆਰਾ ਉਕਤ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਦਾ ਧਿਆਨ ਰੱਖਣਾ ਯਕੀਨੀ ਬਣਾਇਆ ਜਾਵੇ।

ਕਿਰਨ ਸ਼ਰਮਾ, PCS
ਡਾਇਰੈਕਟਰ,
ਐੱਸ.ਸੀ.ਈ.ਆਰ.ਟੀ., ਪੰਜਾਬ

ਮਿਤੀ: ਐਸ.ਏ.ਐਸ. ਨਗਰ: 11.12.2025

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸੰਬੰਧਤ ਸਕੂਲ ਮੁਖੀ

ਸਹਾਇਕ ਡਾਇਰੈਕਟਰ(AQT),
ਐੱਸ.ਸੀ.ਈ.ਆਰ.ਟੀ.,ਪੰਜਾਬ।

## 6ਵੀ ਤੋ 8ਵੀਂ (ਐਲੀਮੈਂਟਰੀ)

| ਲੜੀ ਨੰ | ਵਿਦਿਆਰਥੀ ਦਾ ਨਾਮ | ਸਕੂਲ ਦਾ ਨਾਮ | ਵਿਸ਼ੇਸ ਕਥਨ |
|---|---|---|---|
| 1 | ਨਵਜੋਤ ਕੌਰ | ਸਸਸਸ ਦਿਆਲਪੁਰਾ ਮਿਰਜ਼ਾ | |
| 2 | ਮਨੀ ਕੌਰ | ਸਸਸਸ ਸੰਜੇ ਨਗਰ ਬਠਿੰਡਾ | |
| 3 | ਸਿਮਰਨ ਕੌਰ | ਸਸਸ ਬਾਠ | |
| 4 | ਸਹਿਜਪ੍ਰੀਤ ਕੌਰ | ਸਸਸਸ ਬਾਲਿਆਂਵਾਲੀ (ਕੰ) | |
| 5 | ਮਹਾਂਬਲੀ | ਸਸਸਸ ਦੇਸਰਾਜ ਬਠਿੰਡਾ | |
| 6 | ਸਾਨੀਆ | ਸਸਸਸ ਭਾਈ ਰੂਪਾ (ਕੰ) | |
| 7 | ਰੁਪਿੰਦਰ ਕੌਰ | ਸਸਸਸ ਰਾਮਨਗਰ ਐਮੀਨਸ | |

## 9ਵੀਂ ਤੋ 10 ਵੀਂ (ਸੈਕੰਡਰੀ)

| ਲੜੀ ਨੰ | ਵਿਦਿਆਰਥੀ ਦਾ ਨਾਮ | ਸਕੂਲ ਦਾ ਨਾਮ | ਵਿਸ਼ੇਸ ਕਥਨ |
|---|---|---|---|
| 1 | ਗੁਰਲੀਨ ਕੌਰ | ਸਹਸ ਚੱਕ ਰਾਮ ਸਿੰਘ ਵਾਲਾ | |
| 2 | ਪ੍ਰਭਰੀਤ ਕੌਰ | ਸਸਸਸ ਜੈ ਸਿੰਘ ਵਾਲਾ | |
| 3 | ਕੋਮਲਪ੍ਰੀਤ ਕੌਰ | ਸਹਸ ਨੇਹੀਆ ਵਾਲਾ | |
| 4 | ਅਭੀਜੀਤ ਚੌਹਾਨ | ਸਸਸਸ ਪਰਸਰਾਮ ਨਗਰ ਬਠਿੰਡਾ ਐਮੀਨੈਸ | |
| 5 | ਸਹਿਜਪ੍ਰੀਤ ਕੌਰ | ਸਸਸਸ ਆਕਲੀਆਂ ਕਲਾਂ | |
| 6 | ਹਰਸ਼ਮੀਤ ਕੌਰ | ਸਸਸਸ ਰਾਏ ਕੇ ਕਲਾਂ | |
| 7 | ਪ੍ਰਭਜੋਤ ਕੌਰ | ਸਸਸਸ ਜੱਜਲ | |